# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ

(ਰਜਿ. ਦਫਤਰ: ਪੀ ਐਸ ਈ ਬੀ ਹੈਡ ਆਫਿਸ, ਦੀ ਮਾਲ, ਪਟਿਆਲਾ)

**Corporate Identity Number: U40109PB2010SGC033814**

ਦਫ਼ਤਰ: ਲੇਖਾ ਅਫ਼ਸਰ/ਤਨਖਾਹ ਤੇ ਲੇਖਾ, ਸ਼ਕਤੀ ਸਦਨ, ਪਟਿਆਲਾ।

**Website: www.pstcl.org Email: ao-pay@pstcl.org**

---

ਵੱਲ

ਸਮੂਹ ਡੀ.ਡੀ.ਓ.
ਅਧੀਨ ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 425 ਮਿਤੀ: 04/07/23

ਵਿਸ਼ਾ **ਪੀਐਪੀਸੀਐਲ ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਮਿਤੀ 01.07.2015 ਤੋਂ ਮਿਤੀ 31.12.2015 ਤੱਕ ਦੇ 6% ਦੇ (113% ਤੋ 119%) ਮਹਿੰਗਾਈ ਭੱਤੇ ਦੇ ਬਕਾਏ ਦੀ ਅਦਾਇਗੀ ਕਰਨ ਸਬੰਧੀ ਜਾਰੀ ਕੀਤੇ ਵਿੱਤ ਸਰਕੂਲਰ ਨੰ: 16/2023 ਮਿਤੀ 06.06.2023 ਨੂੰ ਪੀਐਸਟੀਸੀਐਲ ਵਿੱਤ ਅਪਣਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਮਿਤੀ 01.07.2015 ਤੋਂ 31.12.2015 ਤੱਕ ਦੇ 6% ਦੇ (113% ਤੋ 119%) ਮਹਿੰਗਾਈ ਭੱਤੇ ਦੇ ਬਕਾਏ ਦੀ ਅਦਾਇਗੀ ਕਰਨ ਲਈ ਪੀਐਸਪੀਸੀਐਲ ਦਾ ਵਿੱਤ ਸਰਕੂਲਰ ਨੰ: 16/2023 ਪੀਐਸਟੀਸੀਐਲ ਵੱਲੋਂ ਪੱਤਰ ਨੰ: 730/735 ਮਿਤੀ 04.07.2023 ਰਾਹੀਂ ਅਪਣਾ ਲਿਆ ਗਿਆ ਹੈ। ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਮੇਂ ਦੀ ਮਹਿੰਗਾਈ ਭੱਤੇ ਦੇ ਏਰੀਅਰ ਦੀ ਅਦਾਇਗੀ ਜਿਹੜੇ ਅਧਿਕਾਰੀ/ਕਰਮਚਾਰੀ (PSTCL/PSPCL) ਦੀ ਤਨਖਾਹ ਮਿਤੀ 01.07.2015 ਤੋਂ ਮਿਤੀ 31.12.2015 ਤੱਕ ਪੀ.ਐਸ.ਟੀ.ਸੀ.ਐਲ. ਵੱਲੋਂ ਡਰਾਅ ਕੀਤੀ ਗਈ ਹੈ ਅਤੇ ਹੁਣ ਵੀ ਪੀ.ਐਸ.ਟੀ.ਸੀ.ਐਲ. ਵਿੱਚ ਕੰਮ ਕਰਦੇ ਹਨ ਉਹਨਾ ਦੇ ਏਰੀਅਰ ਦੀ ਅਦਾਇਗੀ ਮੌਜੂਦਾ ਦਫਤਰ ਵੱਲੋਂ ਕੀਤੀ ਜਾਵੇ (ਭਾਵ ਜਿਸ ਦਫਤਰ ਵੱਲੋਂ ਹੁਣ ਤਨਖਾਹ ਡਰਾਅ ਕੀਤੀ ਜਾ ਰਹੀਂ ਹੈ)। ਇਸ ਤੋਂ ਇਲਾਵਾ ਮਿਤੀ 31.12.15 ਤੋ ਬਾਅਦ ਪੀ.ਐਸ.ਪੀ.ਸੀ.ਐਲ. ਜਾਂ ਡੈਪੂਟੇਸ਼ਨ ਤੋਂ ਟਰਾਂਸਫਰ ਹੋ ਕੇ ਆਏ ਅਧਿਕਾਰੀਆਂ/ਕਰਮਚਾਰੀਆਂ ਦੇ ਏਰੀਅਰ ਦੀ ਅਦਾਇਗੀ ਉਕਤ ਸਮੇਂ ਨਾਲ ਸਬੰਧਤ ਕਾਰਪੋਰੇਸ਼ਨ ਜਾਂ ਅਦਾਰੇ ਵੱਲੋਂ ਕਰਨੀ ਬਣਦੀ ਹੈ। ਮਹਿੰਗਾਈ ਭੱਤੇ ਦੀ ਅਦਾਇਗੀ ਕਰਨ ਸਮੇਂ ਇਸ ਸਬੰਧੀ ਇੰਦਰਾਜ ਅਧਿਕਾਰੀ/ਕਰਮਚਾਰੀ ਦੀ ਸੇਵਾ-ਪੱਤਰੀ ਵਿੱਚ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਮੁੱਖ ਵਿੱਤੀ ਅਫਸਰ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਲੇਖਾ ਅਫਸਰ/ਤਨਖਾਹ ਤੇ ਲੇਖਾ
ਪੀ.ਐਸ.ਟੀ.ਸੀ.ਐਲ.ਪਟਿਆਲਾ